ਨਿਵੇਸ਼ ਕਰਨ ਤੋਂ ਪਹਿਲਾਂ ਜਾਂਚ ਕਰੋ

ਆਮ ਤੌਰ 'ਤੇ, ਕੋਈ ਵੀ ਵਿਅਕਤੀ ਜੋ ਸੈਕਿਉਰਿਟੀਜ਼ ਨੂੰ ਵੇਚਦਾ ਹੈ, ਨਿਵੇਸ਼ ਦੀ ਸਲਾਹ ਦਿੰਦਾ ਹੈ ਜਾਂ ਕੈਨੇਡਾ ਵਿੱਚ ਫੰਡ ਮੈਨੇਜਰ ਵਜੋਂ ਕੰਮ ਕਰਦਾ ਹੈ, ਨੂੰ ਸੈਕਿਉਰਿਟੀਜ਼ ਰੈਗੂਲੇਟਰ ਨਾਲ ਰਜਿਸਟਰ ਕਰਨਾ ਲਾਜ਼ਮੀ ਹੈ।

ਆਪਣੇ ਆਪ ਨੂੰ ਨਿਵੇਸ਼ ਧੋਖਾਧੜੀ ਤੋਂ ਬਚਾਉਣ ਲਈ ਤਿੰਨ ਜਾਂਚਾਂ:

1. ਰਜਿਸਟ੍ਰੇਸ਼ਨ ਦੀ ਜਾਂਚ ਕਰੋ

ਤੁਹਾਨੂੰ ਨਿਵੇਸ਼ ਵੇਚਣ ਜਾਂ ਤੁਹਾਨੂੰ ਸਲਾਹ ਦੇਣ ਦੀ ਕੋਸ਼ਿਸ਼ ਕਰ ਰਹੇ ਕਿਸੇ ਵੀ ਵਿਅਕਤੀ ਜਾਂ ਕਾਰੋਬਾਰ ਦੀ ਰਜਿਸਟ੍ਰੇਸ਼ਨ ਦੀ ਜਾਂਚ ਕਰੋ।
CheckBeforeYouInvest.ca 'ਤੇ ਜਾਓ

2. ਉਹਨਾਂ ਦੀ ਸ਼੍ਰੇਣੀ ਦੀ ਜਾਂਚ ਕਰੋ

ਸਾਰੀਆਂ ਕਿਸਮਾਂ ਦੀ ਰਜਿਸਟ੍ਰੇਸ਼ਨ ਇੱਕੋ ਜਿਹੀ ਨਹੀਂ ਹੁੰਦੀ - ਫਰਮਾਂ ਅਤੇ ਵਿਅਕਤੀਆਂ ਨੂੰ ਉਤਪਾਦਾਂ ਅਤੇ ਸੇਵਾਵਾਂ ਦੀ ਇੱਕ ਸ਼੍ਰੇਣੀ ਪ੍ਰਦਾਨ ਕਰਨ ਲਈ ਰਜਿਸਟਰ ਕੀਤਾ ਜਾ ਸਕਦਾ ਹੈ।

3. ਅਨੁਸ਼ਾਸਨੀ ਇਤਿਹਾਸ ਦੀ ਜਾਂਚ ਕਰੋ

ਪਤਾ ਕਰੋ ਕਿ ਕੀ ਕਿਸੇ ਵਿਅਕਤੀ ਜਾਂ ਫਰਮ ਨੇ ਅਤੀਤ ਵਿੱਚ ਕਦੇ ਵੀ ਰੈਗੂਲੇਟਰੀ ਨਿਯਮਾਂ ਨੂੰ ਤੋੜਿਆ ਹੈ।

ਓਨਟੈਰੀਓ ਸੈਕਿਉਰਿਟੀਜ਼ ਕਮਿਸ਼ਨ ਨਾਲ ਇਸ ਲਈ ਸੰਪਰਕ ਕਰੋ:

1. ਰਜਿਸਟਰੇਸ਼ਨ ਦੀ ਜਾਂਚ ਕਰਨ ਲਈ
2. ਰਿਪੋਰਟ ਕਰਨ ਲਈ ਕਿ ਕੋਈ ਵਿਅਕਤੀ ਜਾਂ ਫਰਮ ਰਜਿਸਟਰਡ ਨਹੀਂ ਹੈ
3. ਸੂਚਿਤ ਕਰਨ ਲਈ ਕਿ ਕੀ ਕੋਈ ਵਿਅਕਤੀ ਜਾਂ ਫਰਮ ਤੁਹਾਨੂੰ ਕੁਝ ਅਜਿਹਾ ਪੇਸ਼ ਕਰ ਰਿਹਾ ਹੈ ਜਿਸਦੀ ਉਹਨਾਂ ਦੀ ਰਜਿਸਟ੍ਰੇਸ਼ਨ ਸ਼੍ਰੇਣੀ ਦੁਆਰਾ ਆਗਿਆ ਨਹੀਂ ਹੈ

ਈਮੇਲ: inquiries@osc.gov.on.ca
ਟੈਲੀਫ਼ੋਨ: 1-877-785-1555

GetSmarterAboutMoney.ca 'ਤੇ ਹੋਰ ਜਾਣੋ

Ontario Securities Commission
20 Queen St. W., 22nd Floor, Toronto, Ontario M5H 3S8
Tel: 1-877-785-1555 **Email:** inquiries@osc.gov.on.ca

OSC Ontario Securities Commission | Get Smarter About Money.ca | Ontario